ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (ਸੀ.ਆਰ.ਐਸ.) (U.S. Department of Justice Community Relations Service) (CRS)

ਭਾਈਚਾਰਿਆਂ ਦੀ ਮਦਦ ਕਰਨਾ

ਨਫ਼ਰਤ ਅਪਰਾਧਾਂ ਨੂੰ ਰੋਕਣਾ ਅਤੇ ਉਹਨਾਂ ਦਾ ਜਵਾਬ ਦੇਣਾ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (ਸੀ.ਆਰ.ਐਸ.) (U.S. Department of Justice Community Relations Service) (CRS) ਉਹਨਾਂ ਭਾਈਚਾਰਿਆਂ ਵਿੱਚ ਗਿਆਨ, ਸਮਝ, ਅਤੇ ਸੰਚਾਰ ਦੀ ਸਹੂਲਤ ਦਿੰਦੇ ਹੋਏ "ਅਮਰੀਕਾ ਦੇ ਸ਼ਾਂਤੀਦੂਤ" ਵਜੋਂ ਕੰਮ ਕਰਦਾ ਹੈ ਜੋ ਵਿਵਾਦ ਦਾ ਸਾਹਮਣਾ ਕਰ ਰਹੇ ਹਨ ਅਤੇ ਨਾਲ ਹੀ ਭਵਿੱਖ ਦੇ ਵਿਵਾਦਾਂ ਦੀ ਰੋਕਥਾਮ ਅਤੇ ਉਹਨਾਂ ਦਾ ਨਿਵਾਰਨ ਕਰਨ ਲਈ ਭਾਈਚਾਰੇ ਦੀਆਂ ਯੋਗਤਾਵਾਂ ਵਿਕਸਿਤ ਕਰਦਾ ਹੈ।

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਅਤੇ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੇ ਅਧੀਨ, ਸੀ.ਆਰ.ਐਸ (CRS) ਉਹਨਾਂ ਭਾਈਚਾਰਕ ਵਿਵਾਦਾਂ ਦਾ ਜਵਾਬ ਦਿੰਦਾ ਹੈ ਜੋ ਨਸਲ, ਰੰਗ ਅਤੇ ਰਾਸ਼ਟਰੀ ਮੂਲ ਦੇ ਵਖਰੇਵੇਂ ਤੋਂ ਪੈਦਾ ਹੁੰਦੇ ਹਨ ਅਤੇ ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਹੋਣ ਵਾਲੇ ਅਸਲ ਜਾਂ ਸਮਝੇ ਜਾਂਦੇ ਨਫ਼ਰਤ ਅਪਰਾਧਾਂ ਦੀ ਰੋਕਥਾਮ ਕਰਦਾ ਹੈ ਅਤੇ ਉਹਨਾਂ ਦਾ ਜਵਾਬ ਦਿੰਦਾ ਹੈ। ਸੀ.ਆਰ.ਐਸ (CRS) ਕੋਲ ਕਨੂੰਨੀ ਅਮਲੀਕਰਨ ਜਾਂ ਅਦਾਲਤੀ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਬਲਕਿ, ਸੀ.ਆਰ.ਐਸ (CRS) ਸੰਬੰਧਾਂ ਦਾ ਮੁੜ-ਨਿਰਮਾਣ ਕਰਨ ਵਿੱਚ ਮਦਦ ਕਰਨ ਲਈ, ਆਪਸੀ ਸਹਿਮਤੀ ਦਾ ਸਮਰਥਨ ਕਰਨ ਲਈ, ਅਤੇ ਸਥਾਨਕ ਹੱਲਾਂ ਨੂੰ ਵਿਕਸਿਤ ਕਰਨ ਵਾਸਤੇ ਪ੍ਰੇਰਿਤ ਕਰਨ ਲਈ ਵਿਵਾਦ ਵਿੱਚ ਘਿਰੇ ਭਾਈਚਾਰਿਆਂ ਨਾਲ ਕੰਮ ਕਰਦਾ ਹੈ।

ਸੀ.ਆਰ.ਐਸ. (CRS) ਦਾ ਪੇਸ਼ੇਵਰ ਸਟਾਫ਼ ਰਾਜ ਅਤੇ ਸਥਾਨਕ ਅਧਿਕਾਰੀਆਂ, ਭਾਈਚਾਰਾ-ਆਧਾਰਿਤ ਸੰਸਥਾਵਾਂ, ਭਾਈਚਾਰਾ ਅਤੇ ਨਾਗਰਿਕ ਅਧਿਕਾਰ ਵਕੀਲਾਂ, ਮਤ-ਆਧਾਰਿਤ ਸਮੂਹਾਂ, ਅਤੇ ਕਨੂੰਨ ਅਮਲੀਕਰਨ ਸੰਸਥਾਵਾਂ ਨਾਲ ਸਵੈਇੱਛਤ ਤਰੀਕੇ ਨਾਲ ਅਤੇ ਬਿਨਾਂ ਪੈਸੇ ਦੇ ਸਿੱਧੇ ਤੌਰ 'ਤੇ ਕੰਮ ਕਰਦਾ ਹੈ। ਸੀ.ਆਰ.ਐਸ. (CRS) ਇੱਕ ਨਿਰਪੱਖ-ਤੀਜੀ ਧਿਰ ਵਜੋਂ ਕੰਮ ਕਰਦਾ ਹੈ, ਅਤੇ ਇਸ ਦੀਆਂ ਸੇਵਾਵਾਂ ਗੁਪਤ ਹਨ।

ਸੀ.ਆਰ.ਐਸ. (CRS) ਭਾਈਚਾਰਿਆਂ ਦੀ ਕਥਿਤ ਨਫ਼ਰਤ ਅਪਰਾਧਾਂ ਨੂੰ ਰੋਕਣ ਅਤੇ ਉਹਨਾਂ ਦਾ ਜਵਾਬ ਦੇਣ ਵਿੱਚ ਕਿਵੇਂ ਮਦਦ ਕਰਦਾ ਹੈ?

ਸੀ.ਆਰ.ਐਸ. (CRS) ਬਹੁਭਾਂਤੀ ਆਗੂਆਂ ਅਤੇ ਹਿੱਸੇਦਾਰਾਂ ਨੂੰ ਇੱਕ ਜਗ੍ਹਾ ਇਕੱਠਾ ਕਰਦਾ ਹੈ, ਤਾਂ ਜੋ ਭਾਈਚਾਰਿਆਂ ਨੂੰ ਨਫ਼ਰਤ ਅਪਰਾਧਾਂ ਬਾਰੇ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ ਅਤੇ ਨਫ਼ਰਤ ਅਪਰਾਧਾਂ ਦੀ ਰੋਕਥਾਮ ਅਤੇ ਉਹਨਾਂ ਦਾ ਜਵਾਬ ਦੇਣ ਲਈ ਸਹਿਕਾਰੀ ਤੌਰ 'ਤੇ ਹੱਲ ਲੱਭੇ ਜਾ ਸਕਣ।

ਸੀ.ਆਰ.ਐਸ. (CRS) ਦੀਆਂ ਵਿਸ਼ੇਸ਼ ਸੇਵਾਵਾਂ ਜੋ ਭਾਈਚਾਰਿਆਂ ਦੀ ਨਫ਼ਰਤ ਅਪਰਾਧਾਂ ਦਾ ਹੱਲ ਕਰਨ ਵਿੱਚ ਮਦਦ ਕਰਦੀਆਂ ਹਨ, ਉਹਨਾਂ ਵਿੱਚ ਸ਼ਾਮਲ ਹਨ

ਸਮਰਥਿਤ ਗੱਲਬਾਤ

ਸੀ.ਆਰ.ਐਸ. (CRS) ਵੱਲੋਂ ਭਾਈਚਾਰੇ ਦੇ ਆਗੂਆਂ, ਸ਼ਹਿਰੀ ਅਧਿਕਾਰੀਆਂ, ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਹੋਰ ਪ੍ਰਮੁੱਖ ਹਿੱਸੇਦਾਰਾਂ ਵਿਚਕਾਰ ਮੀਟਿੰਗਾ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਸੰਚਾਰ ਸ਼ੁਰੂ ਕੀਤਾ ਜਾ ਸਕੇ ਅਤੇ ਕਥਿਤ ਪੱਖ-ਪਾਤੀ/ਨਫ਼ਰਤ ਅਪਰਾਧਾਂ ਦੇ ਮਾਮਲਿਆਂ ਵਿੱਚ ਸਮੱਸਿਆ ਨਿਵਾਰਨ ਦਾ ਸਮਰਥਨ ਕੀਤਾ ਜਾ ਸਕੇ। ਅਕਸਰ ਵਿਚਾਰੇ ਜਾਂਦੇ ਵਿਸ਼ਿਆਂ ਵਿੱਚ ਕਥਿਤ ਪੱਖ-ਪਾਤੀ/ਨਫ਼ਰਤ ਅਪਰਾਧ, ਇਹਨਾਂ ਦਾ ਜਵਾਬ ਦੇਣ ਲਈ ਕਨੂੰਨ ਅਮਲੀਕਰਨ ਦੀਆਂ ਪ੍ਰਥਾਵਾਂ, ਸਥਾਨਕ ਪੱਖ-ਪਾਤੀ/ਨਫ਼ਰਤ ਅਪਰਾਧਾਂ ਨੂੰ ਸਪਸ਼ਟ ਕਰਨਾ, ਮੁਜ਼ਾਹਰੇ, ਪ੍ਰਦਰਸ਼ਨ, ਅਤੇ ਭਾਈਚਾਰੇ ਦੀਆਂ ਹੋਰ ਤਰੀਕਿਆਂ ਨਾਲ ਕੀਤੀਆਂ ਪ੍ਰਤੀਕਿਰਿਆਵਾਂ ਅਤੇ ਭਾਈਚਾਰੇ ਦੀਆਂ ਹੋਰ ਮਹੱਤਵਪੂਰਨ ਸਮੱਸਿਆਵਾਂ ਸ਼ਾਮਲ ਹਨ।

ਨਫ਼ਰਤ ਅਪਰਾਧ ਸੰਬੰਧੀ ਫੋਰਮ

ਇਹ ਅੱਧੇ ਦਿਨ ਦਾ ਫੋਰਮ ਭਾਈਚਾਰੇ ਦੇ ਮੈਂਬਰਾਂ ਅਤੇ ਕਨੂੰਨ ਅਮਲੀਕਰਨ ਸੰਸਥਾਵਾਂ ਨੂੰ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act) ਨਾਲ ਸੰਬੰਧਿਤ ਜਾਣਕਾਰੀ, ਅਤੇ ਨਾਲ ਹੀ ਰਾਜ ਅਤੇ ਸਥਾਨਕ ਨਫ਼ਰਤ ਅਪਰਾਧ ਕਨੂੰਨਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਸਥਾਨਕ ਕਨੂੰਨ ਅਮਲੀਕਰਨ ਸੰਸਥਾਵਾਂ, ਜ਼ਿਲ੍ਹਾ ਅਟਾਰਨੀਆਂ, ਫੈਡਰਲ ਕਨੂੰਨ ਅਮਲੀਕਰਨ ਸੰਸਥਾਵਾਂ, ਅਤੇ ਭਾਈਚਾਰੇ ਦੀ ਹਿਮਾਇਤ ਕਰਨ ਵਾਲੀਆਂ ਸੰਸਥਾਵਾਂ ਨੂੰ ਵਿਚਾਰ ਵਟਾਂਦਰੇ ਵਿੱਚ ਅਤੇ ਪੱਖਪਾਤੀ ਘਟਨਾਵਾਂ ਅਤੇ ਨਫ਼ਰਤ ਅਪਰਾਧਾਂ ਨਾਲ ਨਜਿੱਠਣ ਅਤੇ ਉਹਨਾਂ ਦਾ ਜਵਾਬ ਦੇਣ ਦੇ ਤਰੀਕਿਆਂ ਬਾਰੇ ਜਾਣਕਾਰੀ ਸਾਂਝਾ ਕਰਨ ਵਿੱਚ ਸ਼ਾਮਲ ਕਰਦਾ ਹੈ।

ਨਫ਼ਰਤ ਅਪਰਾਧ ਕੀ ਹੁੰਦਾ ਹੈ? ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) (FBI) ਦੇ ਅਨੁਸਾਰ, ਇੱਕ ਫੈਡਰਲ ਨਫ਼ਰਤ ਅਪਰਾਧ (ਜਿਸਨੂੰ ਪੱਖਪਾਤ ਅਪਰਾਧ ਵੀ ਕਿਹਾ ਜਾਂਦਾ ਹੈ) "ਕਿਸੇ ਵਿਅਕਤੀ ਜਾਂ ਸੰਪਤੀ ਦੇ ਖਿਲਾਫ਼ ਕੀਤਾ ਹੋਇਆ ਇੱਕ ਅਪਰਾਧਿਕ ਜੁਰਮ ਹੈ ਜੋ ਕਿ ਪੂਰੀ ਤਰ੍ਹਾਂ ਨਾਲ ਜਾਂ ਇੱਕ ਹਿੱਸੇ ਵਿੱਚ ਅਪਰਾਧੀ ਦੇ ਕਿਸੇ ਨਸਲ, ਧਰਮ, ਅਯੋਗਤਾ, ਜਿਨਸੀ ਰੁਝਾਨ, ਨਸਲ, ਲਿੰਗ, ਲਿੰਗ ਪਛਾਣ ਪ੍ਰਤੀ ਪੱਖ-ਪਾਤ ਤੋਂ ਪ੍ਰੇਰਿਤ ਹੋਵੇ" ਰਾਜਾਂ ਵਿ ਰਾਜ ਦੇ ਨਫ਼ਰਤ ਅਪਰਾਧ ਨਿਯ ਅਧੀਨ ਰੱਖਿਅਤ ਕੀਤੇ ਸਮੂਹਾਂ ਜ ਦੇ ਕਵਰ ਕੀਤੇ ਅਪਰਾਧਾਂ ਅਪਰਾਧੀਆਂ ਲਈ ਸਜ਼ਾ ਦੀ ਸ਼ਾਖਤਾ ਦੇ ਹਿਸਾਬ ਨਾਲ ਭਿੰਨ-ਭਿੰਨ ਹੁੰਦਾ ਹੈ।

ਧਰਮ ਸਥਾਨਾਂ ਦੀ ਸੁਰੱਖਿਆ ਕਰਨ ਸੰਬੰਧੀ ਫੋਰਮ

ਇਹ ਅੱਧੇ ਦਿਨ ਦਾ ਫੋਰਮ ਮਤ-ਆਧਾਰਿਤ ਆਗੂਆਂ ਅਤੇ ਸਮੂਹਾਂ ਨੂੰ ਧਾਰਮਿਕ ਨਫ਼ਰਤ ਅਪਰਾਧਾਂ, ਰਾਜ ਅਤੇ ਫੈਡਰਲ ਕਨੂੰਨ ਅਮਲੀਕਰਨ, ਖਤਰਿਆਂ ਦੇ ਮੁਲਾਂਕਣ, ਅਤੇ ਧਰਮ ਸਥਾਨਾਂ ਨੂੰ ਸੰਭਾਵੀ ਨਫ਼ਰਤ ਅਪਰਾਧਾਂ ਅਤੇ ਹਿੰਸਾ ਦੇ ਹੋਰ ਖਤਰਿਆਂ ਤੋਂ ਬਚਾਉਣ ਲਈ ਪੜਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਇੱਕ ਸੁਰੱਖਿਆ ਪ੍ਰੋਗਰਾਮ ਲਾਗੂ ਕਰਨ ਲਈ ਪ੍ਰੇਰਿਤ ਕਰਦਾ ਹੈ, ਸੁਰੱਖਿਆ ਲਈ ਬਿਹਤਰੀਨ ਪ੍ਰਥਾਵਾਂ ਪ੍ਰਦਾਨ ਕਰਦਾ ਹੈ, ਨੈੱਟਵਰਕਿੰਗ ਅਤੇ ਭਾਈਚਾਰੇ ਤੱਕ ਪਹੁੰਚ ਬਣਾਉਣ ਦਾ ਕੰਮ ਕਰਦਾ ਹੈ, ਅਤੇ ਸੁਰੱਖਿਆ ਯੋਜਨਾ ਦੀਆਂ ਉਦਾਹਰਨਾਂ ਅਤੇ ਭਾਈਚਾਰੇ ਦੀਆਂ ਪ੍ਰਤੀਕਿਰਿਆਵਾਂ ਵਰਗੇ ਸਰੋਤ ਪ੍ਰਦਾਨ ਕਰਦਾ ਹੈ।

ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ ਸ਼ਹਿਰ ਜਾਂ ਸਕੂਲ-ਸਮੱਸਿਆ ਪਛਾਣ ਅਤੇ ਸਮਾਧਾਨ (City SPIRIT and School SPIRIT) ਪ੍ਰੋਗਰਾਮ

ਇਹ ਅੱਠ ਘੰਟਿਆਂ ਦਾ ਸਮੱਸਿਆ-ਨਿਵਾਰਨ ਅਤੇ ਪ੍ਰਸਤਾਵ ਪ੍ਰੋਗਰਾਮ ਸਥਾਨਕ ਸਰਕਾਰ, ਸਕੂਲਾਂ, ਭਾਈਚਾਰਿਆਂ, ਮਤ-ਆਧਾਰਿਤ ਸੰਸਥਾਵਾਂ, ਕਨੂੰਨ ਅਮਲੀਕਰਨ ਸੰਸਥਾਵਾਂ, ਅਤੇ ਹੋਰਾਂ ਦੇ ਪ੍ਰਤਿਨਿਧੀਆਂ ਨੂੰ ਇੱਕ ਥਾਂ 'ਤੇ ਇਕੱਠੇ ਕਰਦਾ ਹੈ ਤਾਂ ਜੋ ਭਾਈਚਾਰੇ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਨੂੰ ਪਛਾਣਿਆ ਜਾ ਸਕੇ ਅਤੇ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ, ਵਿਵਾਦਾਂ ਦਾ ਹੱਲ ਕਰਨ ਲਈ ਸਹਿਯੋਗੀ ਤਰੀਕਿਆਂ ਦਾ ਸਮਰਥਨ ਕੀਤਾ ਜਾ ਸਕੇ, ਅਤੇ ਧਿਰਾਂ ਵਿਚਕਾਰ ਠੋਸ ਕਰਵਾਈਆਂ ਵਿਕਸਿਤ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ।

ਭਾਈਚਾਰਾ ਜਾਗਰੂਕਤਾ ਸਿਖਲਾਈ

ਸੀ.ਆਰ.ਐਸ. (CRS) ਵੱਲੋਂ ਕਨੂੰਨ ਅਮਲੀਕਰਨ, ਸਰਕਾਰੀ ਅਧਿਕਾਰੀਆਂ, ਅਤੇ ਹੋਰਾਂ ਨੂੰ ਵੱਖ-ਵੱਖ ਭਾਈਚਾਰਿਆਂ ਦੇ ਰੀਤੀ ਰਿਵਾਜਾਂ, ਸੱਭਿਆਚਾਰ, ਅਤੇ ਪ੍ਰਥਾਵਾਂ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਉਹਨਾਂ ਭਾਈਚਾਰਿਆਂ ਵਿਚਕਾਰ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ, ਰਿਸ਼ਤਿਆਂ ਨੂੰ ਮਜ਼ਬੂਤ ਕੀਤਾ ਜਾ ਸਕੇ। ਇਨ੍ਹਾਂ ਸਿਖਲਾਈਆਂ ਵਿੱਚ ਅਮਰੀਕੀ ਮੁਸਲਿਮਾਂ ਨਾਲ ਭਾਈਵਾਲੀ ਬਣਾਉਣਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ, ਅਮਰੀਕੀ ਸਿੱਖਾਂ ਨਾਲ ਭਾਈਵਾਲੀ ਵਿਕਸਿਤ ਕਰਨਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ, ਅਤੇ ਕਨੂੰਨ ਅਮਲੀਕਰਨ ਅਤੇ ਟ੍ਰਾਂਸਜੈਂਡਰ ਭਾਈਚਾਰਾ ਸਿਖਲਾਈਆਂ ਸ਼ਾਮਲ ਹਨ। ਇਹਨਾਂ ਅੰਤਰਕਿਰਿਆਤਮਕ ਅਤੇ ਜਾਣਕਾਰੀ ਭਰਪੂਰ ਸਿਖਲਾਈਆਂ ਵਿੱਚ ਸੱਭਿਆਚਰਕ ਚਿੰਨ੍ਹ ਅਤੇ ਭਾਸ਼ਾ, ਨਫ਼ਰਤ ਅਪਰਾਧਾਂ ਦੇ ਪ੍ਰਭਾਵ, ਅਤੇ ਸ਼ਮੂਲੀਅਤ ਅਤੇ ਸਮੱਸਿਆ ਨਿਵਾਰਨ ਲਈ ਬਿਹਤਰੀਨ ਪ੍ਰਥਾਵਾਂ ਵਰਗੇ ਵਿਸ਼ੇ ਸ਼ਾਮਲ ਹਨ। ਆਖ਼ਰਕਾਰ, ਇਹ ਸਿਖਲਾਈਆਂ ਕਨੂੰਨ ਅਮਲੀਕਰਨ ਸੰਸਥਾਵਾਂ ਦੀ ਆਪਣੇ ਭਾਈਚਾਰੇ ਦੇ ਸਾਰੇ ਮੈਂਬਰਾਂ ਦੀ ਸੇਵਾ ਕਰਨ ਅਤੇ ਉਹਨਾਂ ਦੀ ਰੱਖਿਆ ਕਰਨ ਵਾਲੀ ਭੂਮਿਕਾ ਦਾ ਸਮਰਥਨ ਕਰਦੀਆਂ ਹਨ।

ਵਿਚੋਲਗੀ

ਸੀ.ਆਰ.ਐਸ. (CRS) ਵੱਲੋਂ ਵਿਚੋਲਗੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਸ ਵਿਚ ਹਿੱਸੇਦਾਰਾਂ ਵਿਚਕਾਰ ਆਮੇ-ਸਾਹਮਣੇ ਬੈਠ ਕੇ ਗੱਲਬਾਤ ਕਰਵਾਉਣ ਰਾਹੀਂ ਭਾਈਚਾਰਿਆਂ ਦੀ ਵਿਵਾਦਾਂ ਅਤੇ ਤਣਾਅ ਨੂੰ ਹੱਲ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ।

ਵਿਚੋਲਗੀ ਦਾ ਟੀਚਾ ਧਿਰਾਂ ਵਿਚਕਾਰ ਲਿਖਤੀ ਇਕਰਾਰਨਾਮਿਆਂ ਨੂੰ ਵਿਕਸਿਤ ਕਰਨਾ ਹੈ, ਜਿਸ ਨਾਲ ਭਰੋਸਾ ਵੱਧਦਾ ਹੈ, ਭਾਈਚਾਰੇ ਦੀਆਂ ਭਾਈਵਾਲੀਆਂ ਵਿੱਚ ਸੁਧਾਰ ਆਉਂਦਾ ਹੈ, ਅਤੇ ਭਵਿੱਖ ਵਿੱਚ ਹੋਣ ਵਾਲੇ ਵੇਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਜਵਾਬ ਦੇਣ ਲਈ ਸਥਾਨਕ ਸਮਰੱਥਾ ਦਾ ਨਿਰਮਾਣ ਹੁੰਦਾ ਹੈ।

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ. (CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੁਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ

ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ

www.justice.gov/crs

facebook.com/DOJCRS/ | @DOJ_CRS | askcrs@usdoj.gov | 202.305.2935

ਟ੍ਰੇਨਿੰਗ ਦੇ ਬਾਰੇ ਸਾਡੇ ਕਿਸੀ ਵੀ ਖੇਤਰੀ ਜਾਂ ਫੀਲਡ ਦਫ਼ਤਰ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ:
https://www.justice.gov/crs/about-crs/regional-and-field-offices